## ਰੈਗਿੰਗ ਵਿਚ ਕਿਸ ਤਰ੍ਹਾਂ ਦੀ ਕ੍ਰਿਆਵਾਂ ਸ਼ਾਮਲ ਹਨ?

ਰੈਗਿੰਗ ਵਿਚ ਹੇਠਲੀਆਂ ਵਿਚੋਂ ਇਕ ਜਾਂ ਜ਼ਿਆਦਾ ਕੰਮ ਸ਼ਾਮਿਲ ਹਨ:

a) ਕੋਈ ਵਿਦਿਆਰਥੀ ਦੁਆਰਾ ਨਵੇਂ ਜਾਂ ਪੁਰਾਣੇ ਵਿਦਿਆਰਥੀ ਜਾਂ ਵਿਦਿਆਰਥੀਆਂ ਨਾਲ ਗਲਤ ਰਵੱਈਆ ਜਿਸ ਵਿਚ ਛੇੜਛਾੜ, ਬਦਤਮੀਜ਼ੀ ਜਾਂ ਗੁਸਤਾਖੀ ਰਵੱਈਆ ਨੂੰ ਰੈਗਿੰਗ ਮੰਨਿਆ ਜਾਵੇਗਾ।

b) ਕਿਸੇ ਨਵੇਂ ਵਿਦਿਆਰਥੀ ਜਾਂ ਵਿਦਿਆਰਥੀਆਂ ਨਾਲ ਬਦਮਾਸ਼ ਪੂਰਨ ਜਾਂ ਜਾਂ ਅਨੁਸ਼ਾਸ਼ਿਤ ਕਿਰਿਆਵਾਂ ਜਿਸ ਦੀ ਵਜ੍ਹਾ ਤੇ ਗੁੱਸਾ, ਝੁੰਝਲਾਹਟ, ਤਕਲੀਫ਼, ਸਰੀਰਕ ਜਾਂ ਮਾਨਸਕ ਪਰੇਸ਼ਾਨੀ ਜਾਂ ਨਵੇਂ ਜਾਂ ਕਿਸੇ ਹੋਰ ਵਿਦਿਆਰਥੀ ਦੇ ਦਿਮਾਗ ਵਿਚ ਡਰ ਪੈਦਾ ਕਰਨ ਦੀ ਕਿਰਿਆਵਾਂ ਸ਼ਾਮਿਲ ਹਨ।

c) ਕਿਸ ਵੀ ਵਿਦਿਆਰਥੀ ਨੂੰ ਕੋਈ ਇਸ ਤਰ੍ਹਾਂ ਦਾ ਕੰਮ ਕਰਨ ਲਈ ਕਹਿਣਾ ਜਿਸ ਦੀ ਵਜ੍ਹਾ ਤੇ ਉਸਨੂੰ ਪੀੜਾ ਜਾਂ ਸ਼ਰਮਿੰਦਗੀ ਦੀ ਭਾਵਨਾ, ਅੱਤਿਆਚਾਰ ਜਿਸ ਦੀ ਵਜ੍ਹਾ ਤੇ ਕਿਸੇ ਨਵੇਂ ਜਾਂ ਕਿਸੇ ਹੋਰ ਵਿ ਵਿਦਿਆਰਥੀ ਸਰੀਰਕ ਜਾਂ ਮਾਨਸਿਕ ਤੌਰ ਤੇ ਪ੍ਰਭਾਵਿਤ ਹੋਵੇ।

d) ਕਿਸੇ ਸੀਨੀਅਰ ਵਿਦਿਆਰਥੀ ਦੁਆਰਾ ਕਿਸੇ ਵੀ ਨਵਸਿਖੁਆ ਵਿਦਿਆਰਥੀ ਜਾਂ ਹੋਰ ਵਿਦਿਆਰਥੀ ਰੈਗੁਲਰ ਸਿੱਖਿਆ ਵਿਚ ਵਿਚ ਰੁਕਾਵਟ, ਉਲਝਣ ਜਾਂ ਪਰੇਸ਼ਾਨੀ ਪੈਦਾ ਕਰਦੇ ਹਨ।

e) ਕਿਸੇ ਇੱਕ ਵਿਦਿਆਰਥੀ ਜਾਂ ਵਿਦਿਆਰਥੀਆਂ ਦੇ ਗਰੁੱਪ ਨੂੰ ਦਿੱਤੇ ਅਕਾਦਮਿਕ ਕੰਮਾਂ ਨੂੰ ਪੂਰਾ ਕਰਨ ਲਈ ਨਵੇਂ ਜਾਂ ਹੋਰ ਵਿਦਿਆਰਥੀ ਤੋਂ ਕਰਾਉਣਾ।

f) ਵਿਦਿਆਰਥੀਆਂ ਦੁਆਰਾ ਕਿਸੇ ਨਵੇਂ ਜਾਂ ਕਿਸੇ ਹੋਰ ਵਿਦਿਆਰਥੀ ਤੋਂ ਜਬਰਨ ਵਿੱਤੀ ਵਸੂਲੀ ਜਾਂ ਜ਼ਬਰਜਸਤੀ ਖਰਚ ਕਰਾਉਣਾ।

g) ਵੱਕਰੀ ਤਰ੍ਹਾਂ ਤੇ ਸਰੀਰਕ ਸ਼ੋਸ਼ਣ ਜਿਸ ਵਿਚ ਇਹ ਸ਼ਾਮਿਲ ਹਨ: ਸੈਕਸੁਐਲ ਸ਼ੋਸ਼ਣ, ਸਮਲੈਂਗਿਕ ਸੰਬੰਧ ਬਣਾਉਣ ਦੀ ਕੋਸ਼ਿਸ਼, ਸਟ੍ਰੀਪਿੰਗ (ਨੰਗਾ ਕਰਨਾ), ਜਬਰਨ ਅਸ਼ਲੀਲ ਅਤੇ ਭੱਦੀ ਕਿਰਿਆਵਾਂ, ਇਸ਼ਾਰੇ ਜਿਸ ਦੀ ਵਜ੍ਹਾ ਤੇ ਵਿਅਕਤੀ ਦੀ ਸਿਹਤ ਨੂੰ ਸਰੀਰਕ ਜਾਂ ਕਿਸੇ ਹੋਰ ਤਰ੍ਹਾਂ ਦੇ ਨੁਕਸਾਨ ਹੁੰਦੇ ਹਨ।

h) ਬੋਲੇ ਗਏ ਸ਼ਬਦ, ਈਮੇਲ, ਪੋਸਟ, ਸਾਰਵਜਨਿਕ ਬੇਇੱਜ਼ਤੀ ਪੂਰਨ ਕੰਮ ਜਾਂ ਬਦਸਲੂਕੀ ਜਿਸ ਵਿਚ ਸਕ੍ਰਿਏ ਜਾਂ ਨਿਸ਼ਕ੍ਰਿਏ ਤਰੀਕੇ ਨਾਲ ਨਵੇਂ ਜਾਂ ਹੋਰ ਵਿਦਿਆਰਥੀਆਂ ਨੂੰ ਅਸ਼ਲੀਲ ਤਰ੍ਹਾਂ ਦੇ ਆਨੰਦ ਲਈ ਸ਼ਾਮਿਲ ਕਰਨਾ ਹੈ।

i) ਇਸ ਤਰ੍ਹਾਂ ਦਾ ਕੋਈ ਵੀ ਕੰਮ ਜਿਸ ਦੀ ਵਜ੍ਹਾ ਤੇ ਨਵੇਂ ਜਾਂ ਕਿਸੇ ਹੋਰ ਵਿਦਿਆਰਥੀ ਸਰੀਰਕ ਜਾਂ ਮਾਨਸਿਕ ਤੌਰ ਤੇ ਪ੍ਰਭਾਵਿਤ ਹੁੰਦਾ ਹੈ ਜਾਂ ਕੋਈ ਵੀ ਵਿਦਿਆਰਥੀ ਜੋ ਪਾਵਰ, ਅਥਾਰਿਟੀ ਜਾਂ ਸੁਪੀਰਿਅਰਿਟੀ ਨੂੰ ਦਿਖਾ ਕੇ ਆਪਣੇ ਲਈ ਨਵੇਂ ਵਿਦਿਆਰਥੀਆਂ ਦਾ ਆਪਣੇ ਫ਼ਾਇਦੇ ਲਈ ਇਸਤੇਮਾਲ ਕਰਦਾ ਹੈ।